# ਪੰਜਾਬੀ ਯੂਨੀਵਰਸਿਟੀ  ਵਿਖੇ ਪੰਜ ਸਾਲਾ ਏਕੀਕ੍ਰਿਤ ਪ੍ਰੋਗਰਾਮ

## (ਐੱਮ.ਏ./ ਐੱਮ.ਐੱਸਸੀ. ਆਨਰਜ਼ ਸਕੂਲ)

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਸ ਸਮੇਂ ਕਈ ਪੰਜ ਸਾਲਾ ਏਕੀਕ੍ਰਿਤ ਕੋਰਸਾਂ ਚੱਲ ਰਹੇ ਹਨ, ਜਿਨ੍ਹਾਂ ਵਿਚ ਵਿਦਿਆਰਥੀਆਂ ਨੂੰ 12 ਵੀਂ ਜਮਾਤ ਤੋਂ ਬਾਅਦ ਦਾਖ਼ਲਾ ਦਿੱਤਾ ਜਾਂਦਾ ਹੈ ਅਤੇ ਉਹ ਪੋਸਟ-ਗ੍ਰੈਜੁਏਸ਼ਨ ਤਕ ਦੀ ਪੜ੍ਹਾਈ ਕਰ ਸਕਦੇ ਹਨ। ਇਨ੍ਹਾਂ ਕੋਰਸਾਂ ਨੂੰ ਨਵੇਂ ਸਿਰਿਉਂ ਵਿਉਂਤਿਆ ਜਾ ਰਿਹਾ ਹੈ। ਇਸ ਮੁੜ-ਵਿਉਂਤਬੰਦੀ ਦਾ ਵਿਸ਼ੇਸ਼ ਮੰਤਵ ਅੰਤਰ-ਅਨੁਸ਼ਾਸਨੀ ਪਹੁੰਚ ਅਤੇ ਖੋਜ ਲਈ ਵਿਦਿਆਰਥੀਆਂ ਨੂੰ ਤਿਆਰ ਕਰਨਾ ਹੈ। ਇਹ ਕੋਰਸ ਕਿਸੇ ਇੱਕਲੇ-ਕਾਰੇ ਵਿਭਾਗ ਨਾਲ ਨਹੀਂ ਜੋੜੇ ਜਾਣਗੇ ਸਗੋਂ ਇਨ੍ਹਾਂ ਵਿਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਵੰਨ-ਸੁਵੰਨੇ ਵਿਸ਼ਿਆਂ ਦੇ ਮਾਹਿਰ ਅਧਿਆਪਕਾਂ ਕੋਲੋਂ ਗਿਆਨ ਹਾਸਿਲ ਕਰਨ ਦਾ ਮੌਕਾ ਮਿਲੇਗਾ।  ਇਹ ਕੋਰਸ ਮੁੱਖ ਤੌਰ ‘ਤੇ ਵਿਗਿਆਨਾਂ ਅਤੇ ਮਾਨਵਿਕੀਆਂ ਵਿੱਚ ਸ਼ੁਰੂ ਕੀਤੇ ਜਾਣਗੇ ਅਤੇ ਇਨ੍ਹਾਂ ਦੇ ਅਧਿਆਪਨ ਵਿਚ ਵੱਖ ਵੱਖ ਫ਼ੈਕਲਟੀਆਂ ਨਾਲ ਸੰਬੰਧਿਤ ਅਧਿਆਪਕ ਸ਼ਾਮਿਲ ਹੋਣਗੇ।

### ਯੂਨੀਵਰਸਿਟੀ ਮਾਡਲ

ਅੰਗਰੇਜ਼ੀ ਸ਼ਬਦ “ਯੂਨੀਵਰਸਿਟੀ” ਲਾਤੀਨੀ ਭਾਸ਼ਾ ਦੇ ਸ਼ਬਦ universitas ਜਾਂ ਯੂਨੀਵਰਸੀਟਾਸ (‘ਇੱਕ ਸਮੁੱਚ’) ਤੋਂ ਆਇਆ ਹੈ, ਜਿਸ ਦਾ ਮਤਲਬ ਹੈ; "ਵਿਦਵਾਨਾਂ ਦਾ ਸਮੂਹ"। ਇੰਝ ਇੱਕ ਯੂਨੀਵਰਸਿਟੀ ਦੀ ਇਸ ਕਿਸਮ ਦੀ ਧਾਰਨਾ ਦੇ ਪਿੱਛੇ ਮੁੱਖ ਵਿਚਾਰ ਇਹ ਹੈ ਕਿ ਯੂਨੀਵਰਸਿਟੀ  ਗਿਆਨ ਦੇ ਉਤਪਾਦਨ, ਪੁਰਾਣੀਆਂ ਗਿਆਨ-ਪ੍ਰਣਾਲੀਆਂ ਨੂੰ ਸੰਭਾਲਣ ਅਤੇ ਨਵੀਆਂ ਗਿਆਨ ਪ੍ਰਣਾਲੀਆਂ ਦੀ ਸਿਰਜਣਾ ਦਾ ਇੱਕ ਕੇਂਦਰ ਹੁੰਦੀ ਹੈ, ਜਿਸ ਦਾ ਮਕਸਦ ਅਜਿਹੇ ਭਰੇ ਭਕੁੰਨੇ ਗਰੈਜੁਏਟ ਪੈਦਾ ਕਰਨਾ ਹੈ ਜੋ ਸਮਾਜ ਵਿਚ ਸਾਰਥਕ ਯੋਗਦਾਨ ਪਾ ਸਕਦੇ ਹੋਣ। ਅੱਜ ਕੱਲ੍ਹ ਯੂਨੀਵਰਸਿਟੀਆਂ ਦੇ ਕਈ ਮਾਡਲ ਹੋਂਦਮਾਨ ਹਨ; ਬਰਤਾਨਵੀ ਯੂਨੀਵਰਸਿਟੀਆਂ ਪਰੀਖਿਆ ਲੈਣ ਵਾਲੀਆਂ ਸੰਸਥਾਵਾਂ ਹਨ ਜੋ ਉਚੇਰੀਆਂ ਡਿਗਰੀਆਂ ਪ੍ਰਦਾਨ ਕਰਨ ਦਾ ਕੰਮ ਕਰਦੀਆਂ ਹਨ, ਜਰਮਨ ਦੀਆਂ ਯੂਨੀਵਰਸਿਟੀਆਂ ਅਧਿਆਪਨ ਅਤੇ ਖੋਜ ਦੇ ਕੇਂਦਰ ਹਨ, ਫ਼ਰਾਂਸ ਦੀਆਂ ਯੂਨੀਵਰਸਿਟੀਆਂ ‘ਮਹਾਂ ਵਿਦਿਆਲਿਆਂ’ ਦਾ ਕੰਮ ਕਰਦੀਆਂ ਹਨ ਅਤੇ ਅਮਰੀਕੀ ਤੇ ਭਾਰਤੀ ਯੂਨੀਵਰਸਿਟੀਆਂ, ਇਨ੍ਹਾਂ ਵੱਖੋ ਵੱਖਰੇ ਮਾਡਲਾਂ ਦਾ ਮਿਲਗੋਭਾ ਹਨ। ਭਾਰਤ ਵਿਚ ਪ੍ਰਾਂਤਕ ਰਾਜਾਂ ਦੀਆਂ ਯੂਨੀਵਰਸਿਟੀਆਂ, ਜਿਨ੍ਹਾਂ ਵਿਚੋਂ ਇੱਕ ਪੰਜਾਬੀ ਯੂਨੀਵਰਸਿਟੀ ਹੈ, ਵਿਚ ਅਧਿਆਪਨ ਅਤੇ ਖੋਜ ਉੱਤੇ ਜ਼ੋਰ ਦੇਣ ਵਾਲੇ ਕੈਂਪਸ ਤੋਂ ਇਹ ਤਵੱਕੋ ਰੱਖੀ ਜਾਂਦੀ ਹੈ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਸੰਪੂਰਣ ਗਿਆਨ ਨਾਲ ਲਬਰੇਜ਼ ਕਰਨ ਅਤੇ ਆਪਣੇ ਨਾਲ ਸੰਬੰਧਿਤ ਕਾਲਜਾਂ ਨੂੰ ਅਕਾਦਮਿਕ ਅਗਵਾਈ ਪ੍ਰਦਾਨ ਕਰਨ।

### ਪੰਜ ਸਾਲਾ ਏਕੀਕ੍ਰਿਤ ਅਧਿਐਨ ਪ੍ਰੋਗਰਾਮ ਦੇ ਪ੍ਰੇਰਣਾ-ਬਿੰਦੂ

ਪੰਜ ਸਾਲਾ ਏਕੀਕ੍ਰਿਤ ਅਧਿਐਨ ਪ੍ਰੋਗਰਾਮਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਭਰਪੂਰ ਅਤੇ ਸੰਪੂਰਣ ਸਿੱਖਿਆ ਪ੍ਰਦਾਨ ਕਰਨ। ਇਸ ਤਰ੍ਹਾਂ ਪੰਜ ਸਾਲਾ ਅਧਿਐਨ ਪ੍ਰੋਗਰਾਮ ਵਿਦਿਆਰਥੀਆਂ ਦੀ ਚੇਤਨਾ ਦੇ ਦਰਵਾਜ਼ੇ ਵੱਖ-ਵੱਖ ਗਿਆਨ-ਸ਼ਾਖਾਵਾਂ ਦੇ ਕਈ ਤਰ੍ਹਾਂ ਦੇ ਵਿਸ਼ਿਆਂ ਬਾਰੇ ਬੁਨਿਆਦੀ ਗਿਆਨ ਵੱਲ ਖੋਲ੍ਹਦਾ ਹੈ। ਇਸ ਤਰ੍ਹਾਂ ਦੇ ਅਧਿਐਨ ਪ੍ਰੋਗਰਾਮ ਵਿਚ ਦਾਖ਼ਲਾ ਲੈਣ ਵਾਲਾ ਵਿਦਿਆਰਥੀ ਆਪਣੀ ਇੱਛਾ ਨਾਲ ਵਿਗਿਆਨ, ਕਰਤਬੀ ਤੇ ਦਰਸ਼ਨੀ ਕਲਾਵਾਂ ਅਤੇ ਮਾਨਵਿਕੀਆਂ ਵਿਚੋਂ ਵਿਸ਼ੇ ਚੁਣ ਸਕੇਗਾ। ਇਸ ਤਰ੍ਹਾਂ ਇਹ ਵਿਦਿਆਰਥੀ ਅਨੇਕਾਂ ਗਿਆਨ-

ਅਨੁਸ਼ਾਸਨਾਂ ਵਿਚਲੀਆਂ ਗਿਆਨ-ਪ੍ਰਣਾਲੀਆਂ ਬਾਰੇ ਮੁੱਢਲਾ ਗਿਆਨ ਹਾਸਿਲ ਕਰੇਗਾ, ਯੂਨੀਵਰਸਿਟੀ ਦੇ ਮਹੌਲ ਨਾਲ ਇੱਕਮਿੱਕ ਹੋ ਸਕੇਗਾ ਅਤੇ ਆਪਣੇ ਸੋਚ ਸੰਸਾਰ ਨੂੰ ਵਸੀਹ ਕਰ ਸਕੇਗਾ। ਯੂਨੀਵਰਸਿਟੀ ਆਸ ਕਰਦੀ ਹੈ ਕਿ ਇਨ੍ਹਾਂ ਪੰਜ ਸਾਲਾ ਕੋਰਸਾਂ ਦੇ ਵਿਦਿਆਰਥੀ ਇੱਕ ਪਾਸੇ ਤਾਂ ਨਵੇਂ ਗਿਆਨ ਦੇ ਉਤਪਾਦਨ ਵਿਚ ਹਿੱਸੇਦਾਰ ਹੋਣਗੇ ਅਤੇ ਸਮਾਜ ਵਿਚ ਬੌਧਿਕ ਅਗਵਾਈ ਵਾਲੀ ਭੂਮਿਕਾ ਨਿਭਾਉਣਗੇ ਅਤੇ ਦੂਜੇ ਪਾਸੇ ਕਈ ਤਰ੍ਹਾਂ ਦੇ ਕਿੱਤਿਆਂ/ਕੰਮਾਂ ਨੂੰ ਹੱਥ ਪਾਉਣ ਦੇ ਵੀ ਸਮਰੱਥ ਹੋ ਜਾਣਗੇ।

**ਪਿਛੋਕੜ**

ਪੰਜਾਬ ਯੂਨੀਵਰਸਿਟੀ, ਲਾਹੌਰ ਵਿਚ ਸ਼ਾਨਦਾਰ ਏਕੀਕ੍ਰਿਤ ਪੋਸਟ-ਗ੍ਰੈਜੂਏਟ ਅਧਿਐਨ ਪ੍ਰੋਗਰਾਮ ਹੁੰਦਾ ਸੀ, ਜਿਸ ਨੇ ਨੋਬਲ ਪੁਰਸਕਾਰ ਵਿਜੇਤਾ ਹਰਗੋਬਿੰਦ ਖੁਰਾਨਾ ਅਤੇ ਪ੍ਰੋਫ਼ੈਸਰ ਅਬਦੁਸ ਸਲਾਮ ਸਮੇਤ ਬਹੁਤ ਹੀ ਪ੍ਰਤਿਭਾਸ਼ਾਲੀ ਗ੍ਰੈਜੂਏਟਾਂ ਦੀ ਬੌਧਿਕਤਾ ਨੂੰ ਸਿੰਜਿਆ। ਇਹ ਅਧਿਐਨ ਪ੍ਰੋਗਰਾਮ ਸਮੇਂ ਦੀ ਖ਼ੁਰਾਕ ਬਣਨ ਤੋਂ ਬਚਿਆ ਹੋਇਆ ਹੈ। ਭਾਰਤ ਵਿਚ ਕਿੰਨੀਆਂ ਹੀ ਕੇਂਦਰੀ ਯੂਨੀਵਰਸਿਟੀਆਂ ਬੜੀ ਸਫਲਤਾ ਨਾਲ ਪੰਜ ਸਾਲਾ ਏਕੀਕ੍ਰਿਤ ਪੋਸਟ ਗ੍ਰੈਜੂਏਟ ਕੋਰਸ ਚਲਾ ਰਹੀਆਂ ਹਨ। ਆਈਆਈਟੀਆਂ ਵਿਚ ਵੀ ਬੀ.ਟੈੱਕ. ਦੇ ਨਾਲ ਨਾਲ ਕਈ ਦਹਾਕਿਆਂ ਤੋਂ ਪੰਜ ਸਾਲਾ ਏਕੀਕ੍ਰਿਤ ਕੋਰਸ ਜਾਰੀ ਹਨ। ਭਾਰਤ ਦੀਆਂ ਸਾਰੀਆਂ ਇੰਡੀਅਨ ਇੰਸਟੀਟਿਊਟ ਆਫ਼ ਸਾਇੰਟਿਫ਼ਿਕ ਐਜੂਕੇਸ਼ਨ ਅਤੇ ਰੀਸਰਚ (ਆਈ.ਆਈ.ਐੱਸ.ਈ.ਆਰ) ਦੇ ਸਾਰੇ ਕੇਂਦਰਾਂ ਵਿਚ ਵਿਗਿਆਨ ਦੇ ਵਿਸ਼ਿਆਂ ਵਿਚ ਪੰਜ ਸਾਲਾ ਕੋਰਸ ਇੱਕ ਪ੍ਰਮੁੱਖ ਕੋਰਸ ਰਿਹਾ ਹੈ। ਆਈ.ਆਈ.ਐੱਸਸੀ. ਬੈਂਗਲੋਰ ਨੇ ਵੀ ਵਿਗਿਆਨ ਦੇ ਵੱਖ ਵੱਖ ਖੇਤਰਾਂ ਵਿਚ ਪੰਜ ਸਾਲਾ ਏਕੀਕ੍ਰਿਤ ਪ੍ਰੋਗਰਾਮ ਸ਼ੁਰੂ ਕੀਤਾ ਹੈ। ਹੁਣ ਤਕ ਇਨ੍ਹਾਂ ਪ੍ਰੋਗਰਾਮਾਂ ਦਾ ਮੁੱਖ ਜ਼ੋਰ ਵਿਗਿਆਨ ਅਤੇ ਤਕਨਾਲੋਜੀ ਉੱਤੇ ਹੀ ਰਿਹਾ ਹੈ। ਸਮੇਂ ਦੀ ਲੋੜ ਹੈ ਕਿ ਅਸੀਂ ਇਨ੍ਹਾਂ ਪ੍ਰੋਗਰਾਮਾਂ ਦੇ ਦਾਇਰੇ ਨੂੰ ਵਸੀਹ ਕਰੀਏ ਅਤੇ ਵਧੇਰੇ ਅਤੇ ਵੰਨ-ਸੁਵੰਨੇ ਅਕਾਦਮਿਕ ਅਨੁਸ਼ਾਸਨਾਂ ਵਿਚ ਇਸ ਤਰ੍ਹਾਂ ਦੇ ਕੋਰਸ ਸ਼ੁਰੂ ਕਰੀਏ।

**ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਵਿਲੱਖਣਤਾ**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਇਸ ਤਰ੍ਹਾਂ ਦੇ ਏਕੀਕ੍ਰਿਤ ਕੋਰਸਾਂ ਲਈ ਵਿਸ਼ੇਸ਼ ਆਕਦਮਿਕ ਮਹੌਲ ਮੁਹੱਈਆ ਕਰਵਾਉਂਦੀ ਹੈ। ਪੰਜਾਬੀ ਯੂਨੀਵਰਸਿਟੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਤਰੱਕੀ ਦੇ ਜ਼ੋਰਦਾਰ ਨਿਰਣੇ ਨਾਲ 1962 ਵਿਚ ਸਥਾਪਿਤ ਕੀਤੀ ਗਈ ਸੀ। ਹੋਂਦ ਵਿਚ ਆਉਣ ਤੋਂ ਦਹਾਕਿਆਂ ਬਾਅਦ ਹੁਣ ਇਹ ਯੂਨੀਵਰਸਿਟੀ ਜੀਵ-ਵਿਗਿਆਨਾਂ, ਭੌਤਿਕ ਵਿਗਿਆਨਾਂ, ਮੈਡਿਸਿਨ, ਇੰਜਨੀਅਰਿੰਗ ਤੇ ਤਕਨਾਲੋਜੀ, ਵਪਾਰ ਅਧਿਐਨਾਂ, ਕਲਾਵਾਂ, ਸਮਾਜ-ਵਿਗਿਆਨਾਂ, ਮਾਨਵਿਕੀਆਂ, ਭਾਸ਼ਾਵਾਂ, ਸਿੱਖਿਆ, ਸੂਚਨਾ-ਵਿਗਿਆਨਾਂ, ਕਾਨੂੰਨ ਅਤੇ ਧਰਮ ਤੇ ਸਭਿਆਚਾਰ ਅਧਿਐਨਾਂ ਆਦਿ ਬਹੁ-ਵਿਭਿੰਨ ਖੇਤਰਾਂ ਵਿਚ ਉੱਚ-ਪੱਧਰੀ ਸਿੱਖਿਆ ਪ੍ਰਦਾਨ ਕਰਨ ਵਾਲੀ ਮੁੱਖ ਸੰਸਥਾ ਬਣ ਕੇ ਉੱਭਰੀ ਹੈ। ਪੰਜ ਸਾਲਾ ਏਕੀਕ੍ਰਿਤ ਪ੍ਰੋਗਰਾਮ ਰਾਹੀਂ ਅਸੀ ਬਹੁਤ ਸਾਰੇ ਵਿਭਾਗਾਂ ਵਿਚ ਵਿਦਿਆਰਥੀਆਂ ਨੂੰ ਅੰਡਰਗ੍ਰੈਜੂਏਟ ਪੱਧਰ ਉੱਤੇ ਯੂਨੀਵਰਸਿਟੀ ਵਿਚ ਆਉਣ ਦਾ ਮੌਕਾ ਦੇਵਾਂਗੇ ਅਤੇ ਇਨ੍ਹਾਂ ਵਿਚ ਦਾਖ਼ਲ ਹੋਣ ਵਾਲਾ ਵਿਦਿਆਰਥੀ ਇੱਕੋ ਸਮੇਂ ਯੂਨੀਵਰਸਿਟੀ ਦੇ ਬਹੁਤ ਸਾਰੇ ਵਿਭਾਗਾਂ ਨਾਲ ਜੁੜ ਸਕੇਗਾ। ਇਨ੍ਹਾਂ ਪੰਜ ਸਾਲਾਂ ਕੋਰਸਾਂ ਵਿਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਯੂਨੀਵਰਸਿਟੀ ਦੇ ਵਿਭਾਗਾਂ ਵਿਚ ਹੋ ਰਹੀ ਖੋਜ ਨੂੰ ਪ੍ਰਤੱਖ ਤੌਰ 'ਤੇ ਦੇਖ ਸਕਣਗੇ ਅਤੇ ਖੋਜ ਦਾ ਸਿੱਧਾ ਅਨੁਭਵ ਹਾਸਿਲ ਕਰ ਸਕਣਗੇ, ਇਸ ਨਾਲ ਵਿਦਿਆਰਥੀਆਂ ਦੀ ਦ੍ਰਿਸ਼ਟੀ ਵਿਸ਼ਾਲ ਹੋਵੇਗੀ ਅਤੇ ਉਹ ਵੱਖ

ਵੱਖ ਵਿਸ਼ਾ-ਖੇਤਰਾਂ ਵਿਚਲੀਆਂ ਨਵੀਆਂ ਵੰਗਾਰਾਂ ਤੋਂ ਵਾਕਿਫ਼ ਹੋ ਸਕਣਗੇ। ਇਸ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਇਸ ਤਰ੍ਹਾਂ ਦੇ ਪੰਜ ਸਾਲਾ ਏਕੀਕ੍ਰਿਤ ਕੋਰਸਾਂ ਨੂੰ ਸ਼ੁਰੂ ਕਰਨ ਦਾ ਸਰਬੋਤਮ ਸਥਾਨ ਹੈ।

## ਬਹੁ-ਅਨੁਸ਼ਾਸਤਨੀ ਅਤੇ ਅੰਤਰ-ਅਨੁਸ਼ਾਸਨੀ ਪਹੁੰਚ

ਅਜੋਕੇ ਸੰਸਾਰ ਵਿਚ ਪਰੰਪਰਕ ਅਕਾਦਮਿਕ ਅਨੁਸ਼ਾਸਨਾਂ ਵਿਚਕਾਰ ਹੱਦਬੰਦੀਆਂ ਕਮਜ਼ੋਰ ਹੋ ਰਹੀਆਂ ਹਨ ਅਤੇ ਅਕਾਦਮਿਕ ਖੇਤਰ ਵਿਚ ਨਵੀਆਂ ਪਹਿਲਕਦਮੀਆਂ ਅਸਲ ਵਿਚ ਅੰਤਰ-ਅਨੁਸ਼ਾਸਨੀ ਅਤੇ ਬਹੁ-ਅਨੁਸ਼ਾਸਨੀ ਭਾਂਤ ਦੀਆਂ ਪਹਿਲਕਦਮੀਆਂ ਹੀ ਹਨ। ਪੰਜਾਬੀ ਯੂਨੀਵਰਸਿਟੀ ਵਿਚ ਪ੍ਰਸਤਾਵਿਤ ਪੰਜ ਸਾਲਾ ਏਕੀਕ੍ਰਿਤ ਅਧਿਐਨ ਪ੍ਰੋਗਰਾਮ ਇਸ ਦਿਸ਼ਾ ਵੱਲ ਹੀ ਇੱਕ ਠੋਸ ਕਦਮ ਹੈ। ਇਹ ਕੋਰਸ ਕਿਸੇ ਇੱਕ ਵਿਸ਼ੇਸ਼ ਵਿਭਾਗ ਨਾਲ ਨੱਥੀ ਨਹੀਂ ਹੋਣਗੇ ਸਗੋਂ ਵੱਖ ਵੱਖ ਗਿਆਨ-ਸ਼ਾਕਾਵਾਂ ਅਤੇ ਵਿਭਾਗਾਂ ਦੇ ਅਧਿਆਪਕ ਇਨ੍ਹਾਂ ਕੋਰਸਾਂ ਦੇ ਅਧਿਅਪਨ ਵਿਚ ਸ਼ਾਮਿਲ ਹੋਣਗੇ। ਪਾਠਕ੍ਰਮ ਦੀ ਬਣਤਰ ਇਸ ਤਰ੍ਹਾਂ ਦੀ ਹੋਵੇਗੀ ਕਿ ਇਨ੍ਹਾਂ ਵਿਚ ਅੰਡਰਗ੍ਰੈਜੂਏਟ ਪੱਧਰ ਦੇ ਵਿਦਿਆਰਥੀਆਂ ਨੂੰ ਖੁਲ੍ਹ ਮਿਲੇਗੀ ਕਿ ਉਹ ਵੱਖ ਵੱਖ ਵਿਭਾਗਾਂ ਅਤੇ ਵਿਗਿਆਨਾਂ ਵਿਚੋਂ ਮਰਜ਼ੀ ਨਾਲ ਵਿਸ਼ੇ ਚੁਣ ਸਕਣਗੇ। ਇਸ ਪੰਜ ਸਾਲਾ ਪ੍ਰੋਗਰਾਮ ਦੇ ਪਿਛੋਕੜ ਵਿਚ ਮੌਜੂਦ ਦ੍ਰਿਸ਼ਟੀ ਦਾ ਭਾਰਤ ਸਰਕਾਰ ਦੀ ਹਾਲ ਵੀ ਵਿਚ ਲਿਆਂਦੀ ਗਈ ਰਾਸ਼ਟਰੀ ਸਿੱਖਿਆ ਨੀਤੀ ਨਾਲ ਵੀ ਗਹਿਰਾ ਜੋੜਮੇਲ ਬਣਦਾ ਹੈ।

## ਗ੍ਰੈਜੂਏਟਾਂ ਨੂੰ ਪ੍ਰਾਪਤ ਹੋਣ ਵਾਲੇ ਹੁਨਰ

ਇਨ੍ਹਾਂ ਕੋਰਸਾਂ ਵਿਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਨੂੰ ਵਿਹਾਰਕ ਕਾਮਿਆਂ ਵਜੋਂ ਲਿਆ ਜਾਵੇਗਾ ਜਿਨ੍ਹਾਂ ਨੂੰ ਨਵੇਂ ਗਿਆਨ ਨੂੰ ਸਮਝਣ ਅਤੇ ਪੈਦਾ ਕਰਨ ਦੇ ਉੱਦਮ ਵਿਚ ਲਗਾਇਆ ਜਾਵੇਗਾ। ਇਨ੍ਹਾਂ ਕੋਰਸਾਂ ਵਿਚ ਡਿਗਰੀ ਹਾਸਿਲ ਕਰਨ ਵਾਲੇ ਨੌਜਵਾਨ ਵਿਲੱਖਣ ਹੁਨਰ ਸਿੱਖਣਗੇ, ਜਿਨ੍ਹਾਂ ਦਾ ਸੰਬੰਧ ਵੱਖ ਵੱਖ ਗਿਆਨ ਅਨੁਸ਼ਾਸਨਾਂ ਦੇ ਸੁਮੇਲ ਨਾਲ ਹੋਵੇਗਾ, ਇਸ ਸਭ ਨਾਲ ਉਹ ਨਵਾਂ ਗਿਆਨ ਅਤੇ ਨਵੇਂ ਵਿਚਾਰਾਂ ਨੂੰ ਪੈਦਾ ਕਰਨ ਵਾਲੇ ਸਿਰਜਣਾਤਮਕ ਕਾਮੇ ਬਣਨਗੇ। ਇਨ੍ਹਾਂ ਗ੍ਰੈਜੂਏਟਾਂ ਨੂੰ ਪ੍ਰਤੱਖ ਅਨੁਭਵ ਅਤੇ ਵਿਹਾਰਕ ਗਿਆਨ ਪ੍ਰਾਪਤ ਹੋਵੇਗਾ, ਅਤੇ ਉਨ੍ਹਾਂ ਨੂੰ ਵਿਸ਼ਵਵਿਆਪੀ ਹੁਨਰ ਦੀ ਸਿਖਲਾਈ ਹਾਸਿਲ ਹੋਵੇਗੀ, ਇਸ ਲਈ ਉਨ੍ਹਾਂ ਦੀ ਰੋਜ਼ਗਾਰ ਪ੍ਰਾਪਤ ਕਰਨ ਦੀ ਸੰਭਾਵਨਾ ਵਧੇਰੇ ਹੋਵੇਗੀ।

## ਸਮੱਗਰ ਪ੍ਰੋਗਰਾਮ ਸੰਰਚਨਾ ਜਾਂ ਬਣਤਰ

ਇਸ ਪ੍ਰੋਗਰਾਮ ਦੀ ਵਿਉਤਬੰਦੀ ਵਿਗਿਆਨ ਅਤੇ ਮਾਨਵਿਕੀਆਂ ਦੀਆਂ ਹੇਠ ਲਿਖੀਆਂ ਗਿਆਨ-ਸ਼ਾਖਾਵਾਂ ਵਿੱਚ ਡਿਗਰੀ ਪ੍ਰਦਾਨ ਕਰਨ ਵਾਲੀ ਅਟੁੱਟ ਇਕਾਈ ਦੇ ਤੌਰ 'ਤੇ ਕੀਤੀ ਗਈ ਹੈ :

1. ਭੌਤਿਕ ਅਤੇ ਰਸਾਇਣ ਵਿਗਿਆਨ
2. ਜੀਵ–ਵਿਗਿਆਨ
3. ਗਣਿਤ ਅਤੇ ਕੰਪਿਊਟੇਸ਼ਨ ਵਿਗਿਆਨ
4. ਸਮਾਜ ਵਿਗਿਆਨ
5. ਭਾਸ਼ਾਵਾਂ
6. ਕਰਤਬੀ ਅਤੇ ਦਰਸ਼ਨੀ ਕਲਾਵਾਂ

ਇਨ੍ਹਾਂ ਗਿਆਨ-ਸ਼ਾਖਾਵਾਂ ਵਿਚ ਸ਼ੁਰੂ ਕੀਤੇ ਜਾ ਰਹੇ ਪੰਜ ਸਾਲਾ ਏਕੀਕ੍ਰਿਤ ਕੋਰਸ ਦੇ ਕੁਝ ਨਿੱਖੜਵੇਂ ਲੱਛਣ ਹੇਠ ਅਨੁਸਾਰ ਹਨ:

- ਇਸ ਪੰਜ ਸਾਲਾ ਏਕੀਕ੍ਰਿਤ ਕੋਰਸ ਦੀ ਬਣਤਰ 3+2 ਦੀ ਅਨੁਸਾਰੀ ਹੋਵੇਗੀ।
- ਹਰ ਇੱਕ ਗਿਆਨ-ਸ਼ਾਖਾ ਦੇ ਵਿਚ-ਵਿਚ ਪਹਿਲੇ ਸਾਲ ਵਿਚ ਸਭ ਵਿਦਿਅਰਥੀ ਇੱਕੋ ਜਿਹੇ ਵਿਸ਼ੇ ਪੜ੍ਹਨਗੇ ਅਤੇ ਪਹਿਲੇ ਸਾਲ ਨੂੰ ਬਾਅਦ ਵਿਚ ਚੁਣੀ ਜਾਣ ਵਾਲੀ ਗਿਆਨ-ਸ਼ਾਖਾ ਦਾ ਸਥਾਪਨਾ-ਸਾਲ/ਬੁਨਿਆਦ ਧਰਨ ਵਾਲਾ ਸਾਲ ਮੰਨਿਆਂ ਜਾਵੇਗਾ।
- ਹਰ ਗਿਆਨ-ਸ਼ਾਖਾ ਦੇ ਪੰਜ ਸਾਲਾ ਪ੍ਰੋਗਰਾਮ ਦੇ ਪਹਿਲੇ ਦੋ ਸਾਲਾਂ ਵਿਚ ਉਸ ਵਿਸ਼ੇਸ਼ ਪ੍ਰੋਗਰਾਮ ਦੇ ਮੂਲ ਵਿਸ਼ੇ ਸ਼ਾਮਿਲ ਹੋਣਗੇ ਅਤੇ ਨਾਲ ਹੀ ਵਿਦਿਆਰਥੀ ਕਿਸੇ ਵੀ ਹੋਰ ਗਿਆਨ-ਸ਼ਾਖਾਵਾਂ ਵਿਚੋਂ ਮਰਜ਼ੀ ਅਨੁਸਾਰ ਚੋਣਵੇਂ ਅਤੇ ਸੁਤੰਤਰ ਚੋਣਵੇਂ ਵਿਸ਼ੇ ਪੜ੍ਹ ਸਕੇਗਾ।
- ਵਿਦਿਆਰਥੀ ਨੇ ਕਿੰਨੇ ਕਰੈਡਿਟ ਲਾਜ਼ਮੀ ਤੌਰ ‘ਤੇ ਹਾਸਿਲ ਕਰਨੇ ਹਨ, ਇਹ ਗੱਲ ਇੱਕ ਵਿਸ਼ੇਸ਼ ਗਿਆਨ-ਸ਼ਾਖਾ ਵੱਲੋਂ ਤੈਅ ਕੀਤੀ ਜਾਵੇਗੀ।
- ਤੀਜੇ ਸਮੈਸਟਰ ਦੀ ਸ਼ੁਰੂਆਤ ਮੌਕੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰੁਚੀ ਅਤੇ ਕਾਰਗੁਜ਼ਾਰੀ ਦੇ ਆਧਾਰ ‘ਤੇ ਇੱਕ ‘ਮੁੱਖ ਵਿਸ਼ਾ” ਅਲਾਟ ਕਰ ਦਿੱਤਾ ਜਾਵੇਗਾ। ਮਰਜ਼ੀ ਅਨੁਸਾਰ ਲਏ ਜਾਣ ਵਾਲੇ ਕੋਰਸਾਂ ਦੇ ਸਮੂਹ ਵਿਚੋਂ ਘੱਟ ਤੋਂ ਘੱਟ 12 ਕਰੈਡਿਟ ਕਿਸੇ ਬਿਲਕੁਲ ਵੱਖਰੀ ਗਿਆਨ-ਸ਼ਾਖਾ ਵਿਚੋਂ ਹਾਸਿਲ ਕਰਨੇ ਜ਼ਰੂਰੀ ਹੋਣਗੇ। ਇਸੇ ਤਰ੍ਹਾਂ ਮਰਜ਼ੀ ਅਨੁਸਾਰ ਲਏ ਜਾਣ ਵਾਲੇ ਕੋਰਸ ਸਮੂਹਾਂ ਵਿਚੋਂ 12 ਕਰੈਡਿਟ ਅਜਿਹੇ ਵਿਸ਼ਿਆਂ ਵਿਚੋਂ ਲੈਣੇ ਹੋਣਗੇ ਜਿਹੜੇ ਵਿਦਿਆਰਥੀ ਨੂੰ ਅਲਾਟ ਕੀਤੇ ਮੁੱਖ ਵਿਸ਼ੇ ਤੋਂ ਵੱਖਰੇ ਪਰ ਉਸੇ ਗਿਆਨ-ਸ਼ਾਖਾ ਦੇ ਹੋਰ ਵਿਸ਼ਿਆਂ ਵਿਚੋਂ ਚੁਣੇ ਜਾਣਗੇ।
- ਇਨ੍ਹਾਂ ਪੰਜ ਸਾਲਾਂ ਕੋਰਸਾਂ ਵਿਚ ਵਿਦਿਆਰਥੀ ਨੂੰ ਤਿੰਨ ਸਾਲ ਬਾਅਦ ਬੀਏ/ਬੀ.ਐੱਸਸੀ. ਆਨਰਜ਼ ਸਕੂਲ ਦੀ ਡਿਗਰੀ ਲੈ ਕੇ ਕੋਰਸ ਛੱਡਣ ਦੀ ਖੁੱਲ੍ਹ ਦਿੱਤੀ ਜਾਵੇਗੀ।
- ਇਨ੍ਹਾਂ ਕੋਰਸਾਂ ਵਿਚ ਟਿਊਟੋਰੀਅਲ, ਜਮਾਤ ਤੋਂ ਬਾਹਰ ਅਧਿਆਪਨ-ਵਿਦਿਆਰਥੀ ਸੰਪਰਕ, ਪ੍ਰਸ਼ਨੋਤਰੀਆਂ ਅਤੇ ਸਵੈ-ਸਿੱਖਿਆ ਉੱਤੇ ਵਿਸ਼ੇਸ਼ ਤੌਰ ‘ਤੇ ਜ਼ੋਰ ਦਿੱਤਾ ਜਾਵੇਗਾ।

## ਪ੍ਰੋਗਰਾਮਾਂ ਦਾ ਵੇਰਵਾ

| ਪੰਜ ਸਾਲਾ ਏਕੀਕ੍ਰਿਤ ਅਧਿਐਨ ਪ੍ਰੋਗਰਾਮ | | | | |
|---|---|---|---|---|
| **ਪ੍ਰੋਗਰਾਮ** | **ਯੋਗਤਾ** | **ਸਮਾਂ** | **ਸੀਟਾਂ** | **ਕੋਰਸ ਕੋ-ਆਰਡੀਨੇਟਰ** |
| ਭੌਤਿਕ ਅਤੇ ਰਸਾਇਣ ਵਿਗਿਆਨ ਐਮ.ਐੱਸਸੀ. (ਆਨਰਜ਼ ਸਕੂਲ ਫਿਜਿਕਸ/ ਕੈਮੀਸਟਰੀ | 10+2 ਕਲਾਸ ਵਿਗਿਆਨ ਵਿਸ਼ੇ ਦੇ ਨਾਲ (ਨਾਨ-ਮੈਡੀਕਲ/ ਮੈਡੀਕਲ 50 ਪ੍ਰਤੀਸ਼ਤ ਅੰਕਾਂ ਦੇ ਨਾਲ (45 ਪ੍ਰਤੀਸ਼ਤ ਅਨੁਸੂਚਿਤ ਜਾਤੀ/ ਅਨੁਸੂਚਿਤ ਜਨਜਾਤੀ ਦੇ ਲਈ) ਦਾਖ਼ਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ। | **5** | **100** + ਵਾਧੂ ਸੀਟਾਂ ਯੂਨੀਵਰਸਿਟੀ ਪੋਲੀਸ਼ੀ ਦੇ ਅਨੁਸਾਰ। | ਡਾ. ਸੰਜੀਵ ਪੁਰੀ (ਮੋਬਾਇਲ ਨੰ: 9815603759) ਈ-ਮੇਲ sanjivpuriucoe@gmail.com |
| **ਜੀਵ-ਵਿਗਿਆਨ** ਐਮ.ਐੱਸਸੀ. (ਆਨਰਜ਼ ਸਕੂਲ) ਬਾਇਓ-ਟੈਕਨਾਲੋਜੀ/ ਬਾਟਨੀ/ ਪ੍ਰਾਣੀ ਵਿਗਿਆਨ/ ਮਨੁੱਖੀ ਅਨੁਵੰਸ਼ਕੀ ਅਧਿਐਨ | 10+2 ਕਲਾਸ ਵਿਗਿਆਨ ਵਿਸ਼ੇ ਦੇ ਨਾਲ (ਨਾਨ-ਮੈਡੀਕਲ/ ਮੈਡੀਕਲ 50 ਪ੍ਰਤੀਸ਼ਤ ਅੰਕਾਂ ਦੇ ਨਾਲ (45 ਪ੍ਰਤੀਸ਼ਤ ਅਨੁਸੂਚਿਤ ਜਾਤੀ/ ਅਨੁਸੂਚਿਤ ਜਨਜਾਤੀ ਦੇ ਲਈ) ਦਾਖ਼ਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ। | **5** | **100** + ਵਾਧੂ ਸੀਟਾਂ ਯੂਨੀਵਰਸਿਟੀ ਪੋਲੀਸ਼ੀ ਦੇ ਅਨੁਸਾਰ। | ਡਾ. ਹਿੰਮੇਂਦਰ ਭਾਰਤੀ (ਮੋਬਾਇਲ ਨੰ: 8591645454, 9356785454) ਈ-ਮੇਲ himenderbharti@gmail.com |
| ਗਣਿਤ ਅਤੇ ਕੰਪਿਊਟੇਸ਼ਨਲ ਵਿਗਿਆਨ ਐਮ.ਐੱਸਸੀ (ਆਨਰਜ਼ ਸਕੂਲ) ਗਣਿਤ/ ਅੰਕੜਾਂ/ ਕੰਪਿਊਟਰ ਸਾਇੰਸ (Artificial intelligence and Data Science ਦੀ ਸਪੈਸ਼ਲਾਈਜੇਸ਼ਨ ਦੇ ਨਾਲ) | 10+2 ਕਲਾਸ (ਕਿਸੇ ਵੀ ਧਾਰਾ ਵਿੱਚ) ਗਣਿਤ ਵਿਸ਼ੇ ਦੇ ਨਾਲ 50 ਪ੍ਰਤੀਸ਼ਤ ਅੰਕਾਂ ਦੇ ਨਾਲ (45 ਪ੍ਰਤੀਸ਼ਤ ਅਨੁਸੂਚਿਤ ਜਾਤੀ/ ਅਨੁਸੂਚਿਤ ਜਨਜਾਤੀ ਦੇ ਲਈ) ਦਾਖ਼ਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ। | **5** | **150+** ਵਾਧੂ ਸੀਟਾਂ ਯੂਨੀਵਰਸਿਟੀ ਪੋਲੀਸ਼ੀ ਦੇ ਅਨੁਸਾਰ। | ਡਾ. ਸ਼ਾਲਿਨੀ ਗੁਪਤਾ (ਮੋਬਾਇਲ ਨੰ: 9888056068, 8264660706) ਈ-ਮੇਲ shalini@pbi.ac.in |

| | | | | |
|---|---|---|---|---|
| ਸਮਾਜ ਵਿਗਿਆਨ : ਐਮ.ਏ. (ਆਨਰਜ਼ ਸਕੂਲ) ਅਰਥ ਸ਼ਾਸਤਰ/ ਇਤਿਹਾਸ/ ਰਾਜਨੀਤੀ ਵਿਗਿਆਨ/ ਮਨੋ–ਵਿਗਿਆਨ/ ਲੋਕ–ਪ੍ਰਸ਼ਾਸਨ/ ਧਰਸ਼ਨ–ਸ਼ਾਸਤਰ/ ਸਮਾਜ ਸ਼ਾਸਤਰ | 10+2 ਕਲਾਸ (ਕਿਸੇ ਵੀ ਧਾਰਾ ਵਿੱਚ) 50 ਪ੍ਰਤੀਸ਼ਤ ਅੰਕਾਂ ਦੇ ਨਾਲ (45 ਪ੍ਰਤੀਸ਼ਤ ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਦੇ ਲਈ) ਦਾਖ਼ਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ। | **5** | **180+** ਵਾਧੂ ਸੀਟਾਂ ਯੂਨੀਵਰਸਿਟੀ ਪੋਲੀਸ਼ੀ ਦੇ ਅਨੁਸਾਰ। | ਡਾ. ਡੀ. ਕੇ. ਮਦਾਨ, (ਮੋਬਾਇਲ ਨੰ: 9417079934) ਈ–ਮੇਲ : dkmadaan@pbi.ac.in |
| ਭਾਸ਼ਾਵਾਂ ਐਮ.ਏ. (ਆਨਰਜ਼ ਸਕੂਲ) ਪੰਜਾਬੀ/ ਅੰਗ੍ਰੇਜ਼ੀ/ ਹਿੰਦੀ/ ਸੰਸਕ੍ਰਿਤ/ ਉਰਦੂ/ ਪਰਸ਼ੀਅਨ | 10+2 ਕਲਾਸ (ਕਿਸੇ ਵੀ ਧਾਰਾ ਵਿੱਚ) 50 ਪ੍ਰਤੀਸ਼ਤ ਅੰਕਾਂ ਦੇ ਨਾਲ (45 ਪ੍ਰਤੀਸ਼ਤ ਅਨੁਸੂਚਿਤ ਜਾਤੀ/ ਅਨੁਸੂਚਿਤ ਜਨਜਾਤੀ ਦੇ ਲਈ) ਦਾਖ਼ਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ। ਮੈਰਿਟ (60%), aptitude (20%) + ਇੰਟਰਵਿਊ (20%) | **5** | **120+** ਵਾਧੂ ਸੀਟਾਂ ਯੂਨੀਵਰਸਿਟੀ ਪੋਲੀਸ਼ੀ ਦੇ ਅਨੁਸਾਰ। | ਡਾ. ਸੁਰਜੀਤ ਸਿੰਘ, (ਮੋਬਾਇਲ ਨੰ: 9356462593) ਈ–ਮੇਲ : surjitpbiu@pbi.ac.in |
| ਪ੍ਰਦਰਸ਼ਨੀ ਅਤੇ ਦਰਸ਼ਨੀ ਕਲਾਵਾਂ ਐਮ.ਏ. (ਆਨਰਜ਼ ਸਕੂਲ) ਥੀਏਟਰ ਅਤੇ ਫਿਲਮ ਸਟੱਡੀਜ਼/ ਸੰਗੀਤ(ਵੋਕਲ)/ ਸੰਗੀਤ (ਵਾਜਾ)ਨਾਚ/ ਕਲਾ/ ਗੁਰਮਤਿ ਸੰਗੀਤ | 10+2 ਕਲਾਸ (ਕਿਸੇ ਵੀ ਧਾਰਾ ਵਿੱਚ) 50 ਪ੍ਰਤੀਸ਼ਤ ਅੰਕਾਂ ਦੇ ਨਾਲ (45 ਪ੍ਰਤੀਸ਼ਤ ਅਨੁਸੂਚਿਤ ਜਾਤੀ/ ਅਨੁਸੂਚਿਤ ਜਨਜਾਤੀ ਦੇ ਲਈ) ਦਾਖ਼ਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ। ਮੈਰਿਟ (60%), aptitude (20%) + ਇੰਟਰਵਿਊ (20%) | **5** | **110+** ਵਾਧੂ ਸੀਟਾਂ ਯੂਨੀਵਰਸਿਟੀ ਪੋਲੀਸ਼ੀ ਦੇ ਅਨੁਸਾਰ। | ਡਾ. ਨਿਵੇਦਿਤਾ ਸਿੰਘ, (ਮੋਬਾਇਲ ਨੰ: 9888515059, 8968995182) ਈ–ਮੇਲ : drnivedita_music@pbi.ac.in |

- **(Exit option, in all the above-mentioned programmes, after completion of three years with degree of B. A./B.Sc. (Honours School) in respective discipline)**
- **For more details download Handbook of Information: https://handbook.pupadmissions.ac.in/**